**ਡਾਇਰੈਕਟੋਰੇਟ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ।**

**ਐਸ.ਸੀ.ਓ ਨੰ:102-103 ਸੈਕਟਰ 34 ਏ, ਪੰਜਾਬ ਚੰਡੀਗੜ੍ਹ।**

# ਪਬਲਿਕ ਨੋਟਿਸ

**ਪੰਜਾਬ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਆਂਗਣਵਾੜੀ ਵਰਕਰਾਂ, ਮਿੰਨੀ ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਲਈ ਇਸ਼ਤਿਹਾਰ**

ਪੰਜਾਬ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ 1170 ਆਂਗਣਵਾੜੀ ਵਰਕਰਾਂ, 82 ਮਿੰਨੀ ਆਂਗਣਵਾੜੀ ਵਰਕਰਾਂ ਅਤੇ 3229 ਆਂਗਣਵਾੜੀ ਹੈਲਪਰਾਂ ਦੀਆਂ ਖਾਲੀ ਪਈਆਂ ਅਸਾਮੀਆਂ (ਕੇਵਲ ਇਸਤਰੀ ਉਮੀਦਵਾਰਾਂ ਲਈ) ਦੀ ਭਰਤੀ ਨਿਰੋਲ ਮਾਣਭੱਤੇ ਤੇ ਆਧਾਰ ਤੇ ਕੀਤੀ ਜਾਣੀ ਹੈ। ਆਂਗਣਵਾੜੀ ਵਰਕਰਾਂ, ਮਿੰਨੀ ਆਂਗਣਵਾੜੀ ਵਰਕਰਾਂ ਅਤੇ ਆਂਗਣਵਾੜੀ ਹੈਲਪਰਾਂ ਖਾਲੀ ਅਸਾਮੀਆਂ ਸਬੰਧੀ ਨਿਰਧਾਰਿਤ ਪਾਤਰਤਾ ਸਥਾਨ ਪਿੰਡ/ਵਾਰਡ, ਉਮਰ ਹੱਦ, ਵਿੱਦਿਅਕ ਯੋਗਤਾ ਆਦਿ ਸ਼ਰਤਾਂ ਦਾ ਵੇਰਵਾ ਸਮੇਤ ਅਰਜ਼ੀ ਫਾਰਮ ਦੀ ਮੁਕੰਮਲ ਜਾਣਕਾਰੀ ਲਈ ਵਿਭਾਗ ਦੀ website:- sswcd.punjab.gov.in, ਜ਼ਿਲ੍ਹੇ ਦੀ website ਅਤੇ ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਾਂ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਦਫਤਰ ਨਾਲ ਸੰਪਰਕ ਕਰੋ।

ਭਰਤੀ ਸਬੰਧੀ ਬਿਨੈਕਾਰੀ ਦੇਣ ਲਈ ਯੋਗ ਉਮੀਦਵਾਰਾਂ ਵੱਲੋ ਬਿਨੈਪੱਤਰਾਂ ਇਸ਼ਤਿਹਾਰ ਜਾਰੀ ਹੋਣ ਦੀ ਮਿਤੀ ਤੋਂ 30 ਦਿਨਾ ਦੇ ਅੰਦਰ ਇਲਾਕੇ ਨਾਲ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂੰ ਦਸਤੀ ਜਾਂ ਰਜਿਸਟਰਡ ਪੋਸਟ ਰਾਹੀਂ ਭੇਜੇ ਜਾ ਸਕਦੇ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਅਰਜ਼ੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਨੋਟ:- ਅਸਾਮੀਆਂ ਦੀ ਗਿਣਤੀ ਸੰਕੇਤਕ ਹੈ ਅਤੇ ਲੋੜ ਅਨੁਸਾਰ ਘੱਟ ਜਾਂ ਵੱਧ ਸਕਦੀ ਹੈ।**

**ਸਹੀ/-**

ਡਿਪਟੀ ਡਾਇਰੈਕਟਰ,
ਵਾ: ਡਾਇਰੈਕਟਰ,
ਸਮਾਜਿਕ ਸੁਰੱਖਿਆ ਅਤੇ
ਇਸਤਰੀ ਤੇ ਬਾਲ ਵਿਕਾਸ
ਵਿਭਾਗ, ਪੰਜਾਬ,

## NO. OF VACANT POSTS OF AWW/AWH IN ALL DISTRICTS OF PUNJAB

| Sr. No | Districts | Helpline Number & Email ID | No. of Vacant AWWs Post | No. of Vacant AWHs Post | No. of Mini AWWs Post | Total Posts |
|---|---|---|---|---|---|---|
| 1 | Amritsar | Helpline number: 0183-2571196<br>Email ID- dpoamritsar@rediffmail.com<br>Website: amritsar.nic.in | 101 | 228 | 7 | 336 |
| `2 | Barnala | Helpline number: 01679-238170.<br>Email ID: dpo.brn@punjab.gov.in<br>Website barnala.gov.in | 40 | 113 | 0 | 153 |
| 3 | Bathinda | Helpline number: 0164 2210259<br>Email ID: Dpo.bathinda@punjab.gov.in<br>Website: bathinda.nic.in | 32 | 201 | 3 | 236 |
| 4 | Fatehgarh Sahib | Helpline number: 01763-233954<br>Email ID: dpo.wcd.fgs@punjab.gov.in<br>Website fatehgarhsahib.nic.in | 29 | 90 | 01 | 120 |
| 5 | Faridkot | Helpline number: 01639-500282<br>Email ID: dpofaridkot1@gmail.com<br>Website Faridkot.nic.in | 32 | 70 | 2 | 104 |
| 6 | Ferozepur | Helpline Number: 01632-245410<br>Email ID: poferozepur@gmail.com<br>Website: ferozepur.nic.in | 27 | 88 | 3 | 118 |
| 7 | Fazilka | Helpline number: 98556-15043<br>Email ID: dpofzk@punjab.gov.in<br>Website: fazilka.nic.in | 18 | 82 | 6 | 106 |
| 8 | Gurdaspur | Helpline number: 01874221059<br>Email ID: dpo.gdp@punjab.gov.in<br>Website: gurdaspur.nic.in | 81 | 179 | 9 | 269 |
| 9 | Hoshiarpur | Helpline number: 01882236091<br>Email ID: dpo.hoshiarpur@rediffmail.com<br>Website: hoshiarpur.nic.in | 96 | 206 | 7 | 309 |
| 10 | Jalandhar | Helpline number: 0181 2253285<br>Email ID: dpojalandhar@rediffmail.com<br>Website: jalandhar.nic.in | 113 | 228 | 0 | 341 |
| 11 | Kapurthala | Helpline Number: 8847257029<br>Email ID: dpokapurthala@rediffmail.com<br>Website: kapurthala.gov.in | 91 | 145 | 5 | 241 |
| 12 | Ludhiana | Helpline Number 0161 5020700<br>Email ID: Dpoldh@punjab.gov.in<br>Website: Ludhiana.nic.in | 134 | 319 | 19 | 472 |
| 13 | Mansa | Helpline number : 01652-229479<br>Email ID: dpomansa@rediffmail.com<br>Website: mansa.nic.in | 30 | 133 | 2 | 165 |
| 14 | Moga | Helpline Number: 01636-234216<br>Email ID: dpo.moga@punjab.gov.in<br>Website: moga.nic.in | 29 | 101 | 0 | 130 |
| 15 | Sri Muktsar Sahib | Helpline Number: 01633-261421<br>Email I: dpomuktsar@yahoo.in<br>Website: muktsar.nic.in | 27 | 202 | 7 | 236 |
| 16 | Pathankot | Helpline number: 01862345047<br>Email ID: dpo.pathankot@punjab.gov.in<br>Website: pathankot.nic.in | 17 | 59 | 1 | 77 |
| 17 | Patiala | Helpline number: 01752362718<br>Email ID: dpopatiala@yahoo.in<br>Website: patiala.nic.in | 66 | 188 | 2 | 256 |

| | | | | | | |
|---|---|---|---|---|---|---|
| 18 | **Rupnagar** | Helpline number: 01881-227327<br>Email ID: dporpr@punjab.gov.in<br>Website: rupnagar.nic.in | **36** | **117** | **2** | **155** |
| 19 | **SAS Nagar** | Helpline number: 0172-2219537<br>Email ID: dpomohali@rediffmail.com<br>Website: sasnagar.nic.in | **21** | **64** | **3** | **88** |
| 20 | **SBS Nagar** | Helpline Number: 01823-222322<br>Email ID: dpo.nssr007@gmail.com<br>Website: Nawanshahr.nic.in | **52** | **113** | **0** | **165** |
| 21 | **Sangrur** | Helpline number: 01672- 235766.<br>Email ID: dposangrur@rediffmail.com.<br>Website: sangrur.nic.in | **70** | **227** | **2** | **299** |
| 22 | **Tarn Taran** | Helpline number: 94178-27252<br>Email ID: dpotarntaran@rediffmail.com.<br>Website: www.tarntaran.nic.in | **28** | **76** | **01** | **105** |
| | TOTAL | | **1170** | **3229** | **82** | **4481** |

**ਕ੍ਰਿਪਾ ਕਰਕੇ ਧਿਆਨ ਦਿਓ:** ਕਿਸੇ ਜ਼ਿਲ੍ਹੇ ਵਿੱਚ ਖ਼ਾਲੀ ਅਸਾਮੀਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਲਈ ਜ਼ਿਲ੍ਹੇ ਦੇ ਨਾਮ ਤੇ ਕਲਿੱਕ ਕਰੋ ।

# ਆਂਗਣਵਾੜੀ ਵਰਕਰਾਂ/ਹੈਲਪਰਾਂ ਦੀਆਂ ਸੇਵਾਵਾਂ ਸੰਬੰਧੀ

**ਨੰ: S-11A (ICDS)2021/3433-3476** **ਜਾਰੀ ਕਰਨ ਦੀ ਮਿਤੀ: 07.04.2021**

**1. ਵਿਦਿਅਕ ਯੋਗਤਾ**

i. ਗ੍ਰੈਜੁਏਸ਼ਨ

ii. ਗ੍ਰੈਜੁਏਸ਼ਨ ਡਿਗਰੀ ਵਿੱਚ ਬਾਲ ਵਿਕਾਸ, ਮਨੁੱਖੀ ਵਿਕਾਸ, ਮਨੋਵਿਗਿਆਨ, ਨਿਊਟ੍ਰੀਸ਼ਨ, ਅਰਥਸ਼ਾਸਤਰ, ਸਮਾਜ ਸ਼ਾਸਤਰ ਅਤੇ ਹੋਮ ਸਾਇੰਸ ਦੇ ਵਿਸ਼ਿਆਂ ਵਾਲੀਆਂ ਬਿਨੈਕਾਰਾਂ ਨੂੰ 3 ਵਧੇਰੇ ਅੰਕ ਦਿੱਤੇ ਜਾਣਗੇ।

iii. ਦਸਵੀਂ ਜਾਂ ਉਸ ਤੋਂ ਉੱਪਰਲੇ ਪੱਧਰ ਤੇ ਪੰਜਾਬੀ ਦਾ ਇਮਤਿਹਾਨ ਪਾਸ ਕੀਤਾ ਹੋਵੇ।

ਆਂਗਣਵਾੜੀ ਹੈਲਪਰ ਦੀ ਭਰਤੀ ਲਈ ਵਿੱਦਿਅਕ ਯੋਗਤਾ ਮੈਟ੍ਰਿਕ ਹੋਵੇਗੀ। ਉਪਰੋਕਤ ਸ਼ਰਤ (iii) ਆਂਗਣਵਾੜੀ ਹੈਲਪਰ ਦੀ ਭਰਤੀ ਲਈ ਵੀ ਲਾਗੂ ਹੋਵੇਗੀ।

**2. ਉਮਰ**

i. ਆਂਗਣਵਾੜੀ ਵਰਕਰ/ਹੈਲਪਰ ਦੀ ਭਰਤੀ ਲਈ ਘੱਟੋ-ਘੱਟ ਉਮਰ 18 ਸਾਲ ਅਤੇ ਵੱਧ ਤੋਂ ਵੱਧ ਉਮਰ 37 ਸਾਲ ਹੋਵੇਗੀ।

ii. ਅਨੁਸੂਚਿਤ/ ਪਿਛੜੀਆਂ ਜਾਤੀਆਂ ਦੇ ਉਮੀਦਵਾਰਾਂ ਲਈ ਉਮਰ ਦੀ ਹੱਦ 42 ਸਾਲ ਹੋਵੇਗੀ।

iii. 40%-50% ਤੱਕ ਅੰਗਹੀਣ ਉਮੀਦਵਾਰ, ਜੋ ਕਿ ਸਿਵਲ ਸਰਜਨ ਤੋਂ ਪ੍ਰਾਪਤ ਆਂਗਣਵਾੜੀ ਵਰਕਰ/ਹੈਲਪਰ ਦੀਆਂ ਸੇਵਾਵਾਂ ਲਈ ਸ਼ਰੀਰਕ ਤੌਰ ਤੇ ਸਮਰੱਥ ਹੋਣ ਦਾ ਸਰਟੀਫਿਕੇਟ ਪੇਸ਼ ਕਰਨਗੀਆਂ, ਲਈ ਵੱਧ ਤੋਂ ਵੱਧ ਉਮਰ ਦੀ ਹੱਦ 47 ਸਾਲ ਹੋਵੇਗੀ।

iv. ਵਿਧਵਾ ਅਤੇ ਤਲਾਕਸ਼ੁਦਾ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਹੱਦ 42 ਸਾਲ ਹੋਵੇਗੀ।

**3. ਰਿਹਾਇਸ਼**

ਅਰਜ਼ੀਆਂ ਮੰਗੇ ਜਾਣ ਸਮੇਂ ਉਮੀਦਵਾਰ:

i. ਪੇਂਡੂ ਇਲਾਕਿਆਂ ਲਈ ਸੰਬੰਧਤ ਗ੍ਰਾਮ ਪੰਚਾਇਤ;

ii. ਮਿਊਂਸਪਲ ਕਾਰਪੋਰੇਸ਼ਨ ਅਤੇ ਕਲਾਸ 1 ਮਿਊਂਸਪਲ ਕਮੇਟੀਆਂ ਵਾਲੇ ਸ਼ਹਿਰਾਂ ਲਈ ਵਾਰਡਬੰਦੀ ਅਨੁਸਾਰ ਸੰਬੰਧਤ ਵਾਰਡ;

iii. ਅਤੇ ਬਾਕੀ ਸ਼ਹਿਰੀ ਇਲਾਕਿਆਂ ਲਈ ਸੰਬੰਧਤ ਸ਼ਹਿਰ

ਦੀ ਵਸਨੀਕ ਹੋਣੀ ਚਾਹੀਦੀ ਹੈ, ਜਿੱਥੇ ਲਈ ਭਰਤੀ ਕੀਤੀ ਜਾਣੀ ਹੋਵੇ।

ਰਿਹਾਇਸ਼ ਦੇ ਸਬੂਤ ਵੱਲੋਂ ਕੇਵਲ ਵੋਟਰ ਸ਼ਨਾਖਤੀ ਕਾਰਡ ਹੀ ਪ੍ਰਵਾਨ ਕੀਤਾ ਜਾਵੇਗਾ।

**4. ਪ੍ਰਾਥਮਿਕਤਾਵਾਂ**

i. **ਪਹਿਲੀ ਪ੍ਰਾਥਮਿਕਤਾ**: ਹਰੇਕ ਆਂਗਣਵਾੜੀ ਵਰਕਰ/ਹੈਲਪਰ ਆਪਣੇ ਵਿਆਹ ਉਪਰੰਤ ਅਡਜਸਟਮੈਂਟ ਦੀ ਹੱਕਦਾਰ ਹੋਵੇਗੀ। ਆਂਗਨਵਾੜੀ ਵਰਕਰ/ਹੈਲਪਰ ਦੀ ਭਰਤੀ ਲਈ ਅਰਜ਼ੀਆਂ ਮੰਗੇ ਜਾਣ ਸਮੇਂ ਪੰਜਾਬ ਦੇ ਕਿਸੇ ਵੀ ਬਲਾਕ ਵਿੱਚ ਆਂਗਨਵਾੜੀ ਵਰਕਰ/ਹੈਲਪਰ ਵਜੋਂ ਕੰਮ ਕਰ ਰਹੀ ਉਮੀਦਵਾਰ, ਜੋ ਕਿ ਘੱਟੋ-ਘੱਟ ਇੱਕ ਸਾਲ ਦਾ ਤਜ਼ਰਬਾ ਰੱਖਦੀ ਹੈ ਅਤੇ ਆਪਣੇ ਵਿਆਹ ਕਾਰਣ ਅਡਜਸਟਮੈਂਟ ਦੀ ਹੱਕਦਾਰ ਹੈ, ਨੂੰ ਪਹਿਲੀ

ਪ੍ਰਾਥਮਿਕਤਾ ਦਿੱਤੀ ਜਾਵੇਗੀ। ਅਜਿਹੇ ਕੇਸਾਂ ਵਿੱਚ ਰਿਹਾਇਸ਼ ਦੀਆਂ ਸ਼ਰਤਾਂ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ।

ii. **ਦੂਜੀ ਪ੍ਰਾਥਮਿਕਤਾ**: ਆਂਗਨਵਾੜੀ ਵਰਕਰ ਦੀ ਭਰਤੀ ਲਈ ਅਰਜ਼ੀਆਂ ਮੰਗੇ ਜਾਣ ਸਮੇਂ ਸਬੰਧਤ ਪਿੰਡ/ਵਾਰਡ/ਸ਼ਹਿਰ ਦੇ ਕਿਸੇ ਵੀ ਆਂਗਣਵਾੜੀ ਸੈਂਟਰ ਵਿੱਚ ਕੰਮ ਕਰਦੀ ਆਂਗਣਵਾੜੀ ਹੈਲਪਰ ਜਿਸਦੀ

- ਵਿੱਦਿਅਕ ਯੋਗਤਾ ਮੈਟ੍ਰਿਕ ਅਤੇ 7 ਸਾਲ ਦਾ ਤਜਰਬਾ ਹੈ; ਜਾਂ
- ਵਿੱਦਿਅਕ ਯੋਗਤਾ ਗ੍ਰੈਜੁਏਸ਼ਨ ਅਤੇ 1 ਸਾਲ ਦਾ ਤਜਰਬਾ ਹੈ; ਅਤੇ
- ਉਹ ਆਂਗਨਵਾੜੀ ਵਰਕਰ ਦੀ ਭਰਤੀ ਲਈ ਉਮਰ ਸੰਬੰਧੀ ਸ਼ਰਤਾਂ ਪੂਰੀਆਂ ਕਰਦੀ ਹੈ

ਨੂੰ ਦੂਜੀ ਪ੍ਰਾਥਮਿਕਤਾ ਦਿੱਤੀ ਜਾਵੇਗੀ।

*ਅਜਿਹੀ ਉਮੀਦਵਾਰ ਦੀ ਭਰਤੀ ਲਈ ਉਮਰ ਦੀ ਯੋਗਤਾ ਉਸ ਦਾ ਬਤੌਰ ਆਂਗਣਵਾੜੀ ਹੈਲਪਰ ਵਜੋਂ ਤਜਰਬਾ ਉਸ ਦੀ ਉਮਰ ਵਿੱਚੋਂ ਘਟਾ ਕੇ ਦੇਖੀ ਜਾਵੇਗੀ।*

*ਜੇਕਰ ਪਹਿਲੀ ਜਾਂ ਦੂਜੀ ਪ੍ਰਾਥਮਿਕਤਾ ਤਹਿਤ ਇੱਕ ਤੋਂ ਵੱਧ ਉਮੀਦਵਾਰਾਂ ਵੱਲੋਂ ਬਿਨੈ-ਪੱਤਰ ਦਿੱਤੇ ਜਾਂਦੇ ਹਨ ਤਾਂ ਵਧੇਰੇ ਤਜਰਬਾ ਰੱਖਣ ਵਾਲੇ ਉਮੀਦਵਾਰ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ।*

*ਉਪਰੋਕਤ ਲੜੀ ਨੰ: ii ਕੇਵਲ ਆਂਗਣਵਾੜੀ ਵਰਕਰ ਦੀ ਭਰਤੀ ਲਈ ਲਾਗੂ ਹੋਵੇਗਾ।*

5. **ਆਸ਼ਰਿਤ ਉਮੀਦਵਾਰ**: ਜੇਕਰ ਸਬੰਧਤ ਅਸਾਮੀ ਆਂਗਨਵਾੜੀ ਵਰਕਰ/ਹੈਲਪਰ ਦੀ ਸੇਵਾ ਦੌਰਾਨ ਮੌਤ ਹੋ ਜਾਣ ਉਪਰੰਤ ਖਾਲੀ ਹੋਈ ਹੈ ਤਾਂ ਉਸ ਵਰਕਰ/ਹੈਲਪਰ ਦੇ ਵਾਰਿਸ ਨੂੰ ਉਸ ਦੀ ਜਗ੍ਹਾ ਪਹਿਲ ਦੇ ਅਧਾਰ ਤੇ ਭਰਤੀ ਕੀਤਾ ਜਾਵੇਗਾ ਬਸ਼ਰਤੇ ਉਸ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ ਆਸ਼ਰਿਤ ਸਰਟੀਫਿਕੇਟ ਹੋਵੇ ਅਤੇ ਉਹ ਭਰਤੀ ਸਬੰਧੀ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਦੀ ਹੋਵੇ। ਇਸ ਮੰਤਵ ਲਈ ਕੋਈ ਵੀ ਇਸ਼ਤਿਹਾਰ ਕਰਨਾ ਲੋੜੀਂਦਾ ਨਹੀਂ ਹੋਵੇਗਾ ਅਤੇ ਅਜਿਹੇ ਕੇਸਾਂ ਵਿੱਚ ਨੁਕਤਾ 4 (i) ਅਨੁਸਾਰ ਪਹਿਲੀ ਪ੍ਰਾਥਮਿਕਤਾ ਅਤੇ ਨੁਕਤਾ 4 (ii) ਅਨੁਸਾਰ ਦੂਜੀ ਪ੍ਰਾਥਮਿਕਤਾ ਵੀ ਲਾਗੂ ਨਹੀਂ ਹੋਵੇਗੀ।

   ਅਜਿਹੇ ਕੇਸਾਂ ਵਿੱਚ ਮ੍ਰਿਤਕ ਦੀ ਵਾਰਸ ਲਈ ਸਬੰਧਤ ਆਂਗਨਵਾੜੀ ਵਰਕਰ/ਹੈਲਪਰ ਦੀ ਮੌਤ ਦੇ 60 ਦਿਨਾਂ ਅੰਦਰ ਬਿਨੈ-ਪੱਤਰ ਦੇਣਾ ਲਾਜ਼ਮੀ ਹੋਵੇਗਾ।

6. **Mutual Transfer**

   ਆਂਗਨਵਾੜੀ ਵਰਕਰ/ਹੈਲਪਰ ਦੀ ਅਸਾਮੀ ਲਈ mutual transfer ਦੇ ਕੇਸਾਂ ਨੂੰ ਪਹਿਲ ਦੇ ਆਧਾਰ ਤੇ ਪ੍ਰਵਾਨ ਕੀਤਾ ਜਾਵੇਗਾ।

   - ਇੱਕੋ ਬਲਾਕ ਵਿੱਚ mutual transfer ਦੇ ਕੇਸਾਂ ਨੂੰ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਪ੍ਰਵਾਨ ਕੀਤਾ ਜਾਵੇਗਾ।
   - ਇੱਕੋ ਜ਼ਿਲ੍ਹੇ ਵਿੱਚ mutual transfer ਦੇ ਕੇਸਾਂ ਲਈ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਤੋਂ ਪ੍ਰਵਾਨਗੀ ਲੈਣਗੇ।
   - 2 ਵੱਖਰੇ ਜ਼ਿਲ੍ਹਿਆਂ ਵਿੱਚ mutual transfer ਦੇ ਕੇਸਾਂ ਲਈ ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਤੋਂ ਪ੍ਰਵਾਨਗੀ ਲੈਣਗੇ।

ਸੰਬੰਧਤ ਅਧਿਕਾਰੀ ਬਿਨੈ-ਪੱਤਰ ਮਿਲਣ ਦੀ ਮਿਤੀ ਤੋਂ 30 ਦਿਨਾਂ ਵੱਚ ਲੋੜੀਂਦੀ ਕਾਰਵਾਈ ਕਰਨੀ ਯਕੀਨੀ ਬਣਾਉਣਗੇ। ਅਜਿਹੇ ਕੇਸਾਂ ਵਿੱਚ ਰਿਹਾਇਸ਼ ਦੀਆਂ ਸ਼ਰਤਾਂ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ।

7. **ਵਿਧਵਾ ਬਿਨੈਕਾਰ**: ਵਿਧਵਾ ਬਿਨੈਕਾਰਾਂ ਨੂੰ ਆਂਗਨਵਾੜੀ ਵਰਕਰ/ ਹੈਲਪਰ ਦੀ ਭਰਤੀ ਲਈ ਮੈਰਿਟ ਵਿੱਚ 3 ਅੰਕ ਵਧੇਰੇ ਦਿੱਤੇ ਜਾਣਗੇ।
8. **ਚੋਣ ਵਿਧੀ**
   i. **ਇਸ਼ਤਿਹਾਰ**: ਜਦੋਂ ਵੀ ਆਂਗਨਵਾੜੀ ਵਰਕਰ/ਹੈਲਪਰ ਦੀ ਕੋਈ ਵੀ ਅਸਾਮੀ ਖਾਲੀ ਹੋਵੇਗੀ ਤਾਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵਿਭਾਗ ਵੱਲੋਂ ਬਣਾਏ ਜਾਣ ਵਾਲੇ portal ਉੱਪਰ ਇਸ ਦੀ ਜਾਣਕਾਰੀ ਅਪਡੇਟ ਕਰਨੀ ਯਕੀਨੀ ਬਣਾਏਗੀ। ਖਾਲੀ ਹੋਣ ਵਾਲੀਆਂ ਅਸਾਮੀਆਂ ਦੀ ਭਰਤੀ ਲਈ ਇਸ਼ਤਿਹਾਰ ਵਿਭਾਗ ਦੀ ਵੈੱਬਸਾਈਟ ਉੱਪਰ ਪ੍ਰਕਾਸ਼ਿਤ ਕੀਤੇ ਜਾਣਗੇ, ਜਿਸਦੀ ਜਾਣਕਾਰੀ ਸਬੰਧਤ ਜਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਮੁੱਖ ਦਫਤਰ ਨੂੰ ਭੇਜੀ ਜਾਵੇਗੀ। ਬਲਾਕ ਪੱਧਰ ਤੇ ਬਣਾਈ ਗਈ ਕਮੇਟੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਖਾਲੀ ਅਸਾਮੀ ਵਾਲੇ ਪਿੰਡ/ਵਾਰਡ/ਸ਼ਹਿਰ ਵਿਚ ਇਸ ਸਬੰਧੀ ਮੁਸਤਰੀ ਮੁਨਾਦੀ ਕਰਵਾਉਣੀ ਯਕੀਨੀ ਬਣਾਈ ਜਾਵੇਗੀ। ਖਾਲੀ ਅਸਾਮੀ ਬਾਰੇ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵਿਭਾਗ ਵੱਲੋਂ ਸੰਬੰਧਤ ਪਿੰਡ ਦੇ ਸਰਪੰਚ/ ਸੰਬੰਧਤ ਸ਼ਹਿਰੀ ਸੰਸਥਾ ਦੇ ਮੇਅਰ/ਪ੍ਰਧਾਨ ਨੂੰ ਲਿਖਤੀ ਤੌਰ ਤੇ ਸੂਚਿਤ ਕਰਦੇ ਹੋਏ, ਇਸਦਾ ਰਿਕਾਰਡ ਮੇਨਟੇਨ ਕੀਤਾ ਜਾਵੇਗਾ। ਖਾਲੀ ਅਸਾਮੀਆਂ ਦੀ ਭਰਤੀ ਦੀ ਪ੍ਰਕਿਰਿਆ 3 ਮਹੀਨੇ ਵਿੱਚ ਇੱਕ ਵਾਰ ਕੀਤੀ ਜਾਵੇਗੀ।

      *ਜਦੋ ਤੱਕ ਵਿਭਾਗ ਦਾ ਪੋਰਟਲ ਸ਼ੁਰੂ ਨਹੀਂ ਹੋ ਜਾਂਦਾ, ਉਦੋਂ ਤੱਕ ਜਿਲ੍ਹਾ ਪ੍ਰੋਗਰਾਮ ਅਫਸਰਾਂ ਵੱਲੋਂ ਖਾਲੀ ਅਸਾਮੀਆਂ ਦੀ ਜਾਣਕਾਰੀ ਹਰੇਕ ਤਿਮਾਹੀ ਦੇ ਸ਼ੁਰੂ ਭਾਵ ਜਨਵਰੀ, ਅਪ੍ਰੈਲ, ਜੁਲਾਈ ਅਤੇ ਅਕਤੂਬਰ ਵਿੱਚ ਮੁੱਖ ਦਫਤਰ ਨੂੰ ਭੇਜੀ ਜਾਵੇਗੀ। ਮੁੱਖ ਦਫਤਰ ਵੱਲੋਂ ਸਾਰੇ ਰਾਜ ਦੀ ਜਾਣਕਾਰੀ ਵਿਭਾਗ ਦੀ ਵੈੱਬਸਾਈਟ ਉੱਪਰ ਪ੍ਰਕਾਸ਼ਿਤ ਕੀਤੀ ਜਾਵੇਗੀ ਅਤੇ ਇਸ ਸੰਬੰਧੀ ਇਸ਼ਤਿਹਾਰ ਵੀ ਦਿੱਤਾ ਜਾਵੇਗਾ।*

   ii. **ਬਿਨੈ-ਪੱਤਰ ਲੈਣ ਦੀ ਵਿਧੀ**: ਆਂਗਣਵਾੜੀ ਵਰਕਰ/ਹੈਲਪਰ ਦੀ ਭਰਤੀ ਲਈ ਬਿਨੈ-ਪੱਤਰ ਸਿਰਫ ਵਿਭਾਗ ਵੱਲੋਂ ਬਣਾਏ ਜਾਣ ਵਾਲੇ portal ਉੱਪਰ ਆਨਲਾਈਨ ਪ੍ਰਾਪਤ ਕੀਤੇ ਜਾਣਗੇ। ਆਨਲਾਈਨ ਪ੍ਰਾਪਤ ਕੀਤੇ ਗਏ ਬਿਨੈ-ਪੱਤਰਾਂ ਵਿੱਚ ਦਿੱਤੀ ਗਈ ਜਾਣਕਾਰੀ ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਚੈੱਕ ਕੀਤੀ ਜਾਵੇਗੀ ਅਤੇ ਆਨਲਾਈਨ ਜਨਰੇਟ ਹੋਈ ਮੈਰਿਟ-ਲਿਸਟ ਦੇ ਆਧਾਰ ਤੇ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ ਜਾਵੇਗਾ।
   iii. **ਇੰਟਰਵਿਊ**: ਸਿਲੈਕਸ਼ਨ ਕਮੇਟੀ ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਵੱਲੋਂ ਦਿੱਤੀ ਗਈ ਲਿਸਟ ਅਨੁਸਾਰ ਉਮੀਦਵਾਰਾਂ ਦੀ ਇੰਟਰਵਿਊ ਕਰੇਗੀ।
   iv. **ਡਾਟਾ-ਐਂਟਰੀ**: ਇੰਟਰਵਿਊ ਉਪਰੰਤ ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਹਰੇਕ ਉਮੀਦਵਾਰ ਵੱਲੋਂ ਯੋਗਤਾ ਦੇ ਆਧਾਰ ਅਤੇ ਇੰਟਰਵਿਊ ਵਿੱਚ ਪ੍ਰਾਪਤ ਕੀਤੇ ਅੰਕਾਂ ਦੀ ਡਾਟਾ-ਐਂਟਰੀ ਵਿਭਾਗ ਵੱਲੋਂ ਬਣਾਏ ਜਾਣ ਵਾਲੇ portal ਉੱਪਰ ਕਰਵਾਏਗੀ, ਜਿਸ ਉਪਰੰਤ ਮੈਰਿਟ-ਲਿਸਟ ਵਿੱਚ ਪਹਿਲੇ ਸਥਾਨ ਵਾਲੇ ਉਮੀਦਵਾਰ ਦਾ Offer Letter ਆਨਲਾਈਨ ਜਨਰੇਟ ਹੋਵੇਗਾ।
   v. **Joining Report with Medical Fitness Certificate & Character Verification:** ਉਮੀਦਵਾਰ ਆਪਣੀ Joining Report ਪੇਸ਼ ਕਰਨ ਵੇਲੇ ਸੰਬੰਧਤ ਐੱਸ.ਐੱਮ.ਓ. ਤੋਂ ਪ੍ਰਾਪਤ Medical Fitness Certificate ਪੇਸ਼ ਕਰੇਗੀ, ਜਿਸ ਅਨੁਸਾਰ ਉਹ ਆਂਗਣਵਾੜੀ ਵਰਕਰ/ਹੈਲਪਰ ਦਾ ਕੰਮ ਕਰਨ ਦੇ ਸਮਰੱਥ ਹੈ ਅਤੇ ਉਸ ਨੂੰ ਕੋਈ Communicable Disease ਨਹੀਂ ਹੈ। ਇਸ ਦੇ ਨਾਲ ਹੀ ਉਮੀਦਵਾਰ ਸੰਬੰਧਤ

ਡੀ.ਐੱਸ.ਪੀ. ਤੋਂ ਪ੍ਰਾਪਤ Character Verification ਰਿਪੋਰਟ ਵੀ ਪੇਸ਼ ਕਰੇਗੀ। ਇਹਨਾਂ ਰਿਪੋਰਟਾਂ ਤੋਂ ਬਿਨਾਂ Joining Report ਪ੍ਰਵਾਨ ਨਹੀਂ ਕੀਤੀ ਜਾਵੇਗੀ।

vi. **Next in waiting list**: ਜੇਕਰ ਉਮੀਦਵਾਰ 25 ਦਿਨਾਂ ਵਿੱਚ:

- Joining Report ਪੇਸ਼ ਨਹੀਂ ਕਰਦੀ ਜਾਂ
- Medical Fitness Certificate ਜਾਂ Character Verification ਤੋਂ ਬਿਨਾਂ Joining Report ਪੇਸ਼ ਕਰਦੀ ਹੈ ਜਾਂ
- 25 ਦਿਨਾਂ ਵਿੱਚ Medical Fitness Certificate ਜਾਂ Character Verification ਨਾ ਪੇਸ਼ ਕਰਨ ਦਾ ਉਚਿਤ ਕਾਰਣ ਲਿਖਤੀ ਰੂਪ ਵਿੱਚ ਦੱਸਣ ਵਿੱਚ ਅਸਫਲ ਰਹਿੰਦੀ ਹੈ

ਤਾਂ Offer Letter ਰੱਦ ਸਮਝਿਆ ਜਾਵੇਗਾ ਅਤੇ ਮੈਰਿਟ ਵਿੱਚ ਅਗਲੇ ਉਮੀਦਵਾਰ ਦਾ Offer Letter ਆਨਲਾਈਨ ਜਨਰੇਟ ਹੋਵੇਗਾ।

vii. **ਮੈਰਿਟ ਵਿੱਚ ਪਹਿਲੇ 3 ਉਮੀਦਵਾਰਾਂ ਵੱਲੋਂ Joining Report ਨਾ ਪੇਸ਼ ਕਰਨ** ਦੀ ਸੂਰਤ ਵਿੱਚ ਭਰਤੀ ਦੀ ਪ੍ਰਕਿਰਿਆ ਦੁਬਾਰਾ ਕੀਤੀ ਜਾਵੇਗੀ।

## 9. ਸੇਵਾ ਮੁਕਤੀ

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਪੱਤਰ ਨੰ: ਸ-13 (ਆਈ.ਸੀ.ਡੀ.ਐੱਸ.) 2016/ 21433-75, ਮਿਤੀ 21.07.2016 ਅਨੁਸਾਰ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ / ਹੈਲਪਰਾਂ ਲਈ ਸੇਵਾ ਮੁਕਤੀ ਦੀ ਉਮਰ 65 ਸਾਲ ਰੱਖੀ ਗਈ ਹੈ। ਪ੍ਰੰਤੂ ਇਹ ਉਪਬੰਧ ਮਿਤੀ 21.07.2016 ਤੋਂ ਪਹਿਲਾਂ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਤੇ ਲਾਗੂ ਨਹੀਂ ਸੀ, ਕਿਉਂਕਿ ਇਹਨਾਂ ਦੀ ਸੇਵਾ ਮੁਕਤੀ ਦੀ ਉਮਰ ਵਿਭਾਗ ਦੀ ਅਧਿਸੂਚਨਾ ਪਿੱਠ ਅੰਕਣ ਨੰ:2/111/2018-2 ਇਬ/1330740/2-12, ਮਿਤੀ 11.10.2018 ਰਾਹੀਂ 70 ਸਾਲ ਨਿਸ਼ਚਿਤ ਕੀਤੀ ਗਈ ਸੀ। ਇਸ ਲਈ ਇਹ ਦੁਬਾਰਾ ਤੋਂ ਸਪਸ਼ਟ ਕੀਤਾ ਜਾਂਦਾ ਹੈ ਕਿ 21.07.2016 ਤੋਂ ਪਹਿਲਾਂ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਲਈ ਸੇਵਾ ਮੁਕਤੀ ਦੀ ਉਮਰ 70 ਸਾਲ, ਜਦੋਂਕਿ ਬਾਅਦ ਵਿੱਚ ਭਰਤੀ ਹੋਈਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਲਈ ਸੇਵਾ ਮੁਕਤੀ ਦੀ ਉਮਰ 65 ਸਾਲ ਹੋਵੇਗੀ।

| **ਲੜੀ ਨੰ.** | **ਆਂਗਣਵਾੜੀ ਵਰਕਰ/ ਹੈਲਪਰ ਦੀ ਭਰਤੀ ਦੀ ਮਿਤੀ** | **ਸੇਵਾ-ਮੁਕਤੀ ਦੀ ਉਮਰ** |
|---|---|---|
| 1. | 21.07.2016 ਤੱਕ | 70 ਸਾਲ |
| 2. | 21.07.2016 ਤੋਂ ਬਾਅਦ ਵਿੱਚ | 65 ਸਾਲ |

*60 ਸਾਲ ਦੀ ਉਮਰ ਪੂਰੀ ਕਰ ਚੁੱਕੀਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਕਿਸੇ ਵੀ ਵੇਲੇ ਸਵੈ-ਇੱਛੁਕ ਤੌਰ ਤੇ ਸੇਵਾ-ਮੁਕਤੀ ਲੈ ਸਕਦੀਆਂ ਹਨ। ਅਜਿਹੀਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਬਣਦੀ ਐਕਸ- ਗ੍ਰੇਸ਼ਿਆ ਦੀ ਅਦਾਇਗੀ ਕਰਨੀ ਯੋਗ ਹੋਵੇਗੀ।*

## 10. ਵਿਦੇਸ਼ ਜਾਣ ਦੀ ਛੁੱਟੀ

ਤਿੰਨ ਸਾਲ ਦੀ ਸਰਵਿਸ ਪੂਰੀ ਕਰ ਚੁੱਕੀਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਵਿਦੇਸ਼ ਜਾਣ ਲਈ ਇੱਕ ਮਹੀਨੇ ਦੀ ਛੁੱਟੀ ਦੇਣ ਦਾ ਉਪਬੰਧ ਹੈ। ਇਸ ਸਬੰਧੀ ਵਿਦੇਸ਼ ਜਾਣ ਤੋਂ ਇਕ ਮਹੀਨਾ ਪਹਿਲਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਤੋਂ

ਛੁੱਟੀ ਬਿਨਾਂ ਮਾਣਭੱਤਾ ਪ੍ਰਵਾਨ ਕਰਵਾਉਣੀ ਜ਼ਰੂਰੀ ਹੈ। ਵਿਦੇਸ਼ ਛੁੱਟੀ ਦੇ ਸਮੇਂ ਦਾ ਤਜਰਬਾ ਵੀ ਮੰਨਣ ਯੋਗ ਨਹੀਂ ਹੋਵੇਗਾ। ਅਗਰ ਕੋਈ ਆਂਗਣਵਾੜੀ ਵਰਕਰ/ਹੈਲਪਰ ਛੁੱਟੀ ਬਿਨ੍ਹਾਂ ਪ੍ਰਵਾਨ ਕਰਵਾਏ ਵਿਦੇਸ਼ ਜਾਂਦੀ ਹੈ ਜਾਂ ਛੁੱਟੀ ਖਤਮ ਹੋਣ ਉਪਰੰਤ ਸਮੇਂ ਸਿਰ ਆਪਣੀ ਲਿਖਤੀ ਹਾਜ਼ਰੀ ਰਿਪੋਰਟ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂੰ ਪੇਸ਼ ਨਹੀਂ ਕਰਦੀ, ਤਾਂ ਬਾਲ ਵਿਕਾਸ ਪ੍ਰੋਜੈਕਟ ਅਫਸਰ ਅਫਸਰ ਉਸਦੀ ਗੈਰ ਹਾਜ਼ਰੀ ਸਬੰਧੀ ਰਿਪੋਰਟ 15 ਦਿਨ ਦੇ ਅੰਦਰ-ਅੰਦਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਭੇਜਣਾ ਯਕੀਨੀ ਬਣਾਏਗਾ।

**11. ਮੈਡੀਕਲ ਛੁੱਟੀ**

ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਇੱਕ ਕੈਲੰਡਰ ਸਾਲ ਵਿੱਚ ਵੱਧ ਤੋਂ ਵੱਧ ਇੱਕ ਮਹੀਨੇ (31 ਦਿਨ) ਦੀ ਇਕੱਠੀ ਜਾਂ ਟੁੱਟਵੀਂ ਮੈਡੀਕਲ ਛੁੱਟੀ ਸਮੇਤ ਮਾਣਭੱਤਾ ਦੇਣ ਦਾ ਉਪਬੰਧ ਹੈ। ਮੈਡੀਕਲ ਛੁੱਟੀ ਦੇ ਸਮੇਂ ਦਾ ਤਜ਼ਰਬਾ ਮੰਨਣਯੋਗ ਹੋਵੇਗਾ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ, ਕਿ ਮੈਡੀਕਲ ਛੁੱਟੀ ਦੌਰਾਨ ਆਂਗਣਵਾੜੀ ਵਰਕਰ/ਹੈਲਪਰ ਦਾ ਕੰਮ ਆਰਜ਼ੀ ਤੌਰ ਤੇ ਨੇੜੇ ਲੱਗਦੇ ਆਂਗਣਵਾੜੀ ਸੈਂਟਰ ਦੀ ਆਂਗਣਵਾੜੀ ਵਰਕਰ/ਹੈਲਪਰ ਨੂੰ ਸੌਂਪਿਆ ਜਾਵੇਗਾ। *ਜੇਕਰ ਮੈਡੀਕਲ ਛੁੱਟੀ ਇੱਕ ਮਹੀਨੇ ਜਾਂ ਉਸ ਤੋਂ ਵੱਧ ਸਮੇਂ ਲਈ ਲੋੜੀਂਦੀ ਹੋਵੇ, ਤਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਮੰਨਜ਼ੂਰ ਕੀਤੀ ਜਾਵੇਗੀ।*

**12. ਅਚਨਚੇਤ ਛੁੱਟੀ**

ਆਂਗਨਵਾੜੀ ਵਰਕਰ ਅਤੇ ਹੈਲਪਰ ਵਲੋਂ ਕਿਸੇ ਵੀ ਪ੍ਰਕਾਰ ਦੀ ਅਚਨਚੇਤ ਛੁੱਟੀ ਦੀ ਮੰਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ, ਜੋ ਕਿ ਦੋ ਦਿਨ ਤੱਕ ਸਰਕਲ ਸੁਪਰਵਾਈਜ਼ਰ ਵੱਲੋਂ ਅਤੇ ਇਸ ਤੋਂ ਜ਼ਿਆਦਾ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਮੰਨਜ਼ੂਰ ਕੀਤੀ ਜਾਵੇਗੀ। ਅਚਨਚੇਤ ਛੁੱਟੀ ਸਬੰਧੀ ਰਿਕਾਰਡ ਸਬੰਧਤ ਸਰਕਲ ਸੁਪਰਵਾਈਜ਼ਰ ਦੁਆਰਾ ਮੇਨਟੇਨ ਕੀਤਾ ਜਾਵੇਗਾ। ਸਮਰੱਥ ਅਧਿਕਾਰੀ ਤੋਂ ਬਿਨਾਂ ਛੁੱਟੀ ਮੰਨਜ਼ੂਰ ਕਰਵਾਏ ਅਤੇ ਬਿਨਾਂ ਸੂਚਿਤ ਕੀਤੇ (ਬਾਲ ਵਿਕਾਸ ਪ੍ਰੋਜੈਕਟ ਅਫਸਰ/ਸਰਕਲ ਸੁਪਰਵਾਈਜਰ) ਡਿਊਟੀ ਤੋਂ ਗੈਰਹਾਜ਼ਰ ਮੰਨਿਆ ਜਾਵੇਗਾ। ਸਰਕਲ ਸੁਪਰਵਾਈਜ਼ਰ ਆਂਗਣਵਾੜੀ ਵਰਕਰ/ਹੈਲਪਰ ਵੱਲੋਂ ਦਿੱਤੀ ਗਈ ਛੁੱਟੀ ਦੀ ਅਰਜ਼ੀ ਨੂੰ ਰਿਕਾਰਡ ਹਿੱਤ ਡਾਇਰੀ ਕਰਨਾ ਯਕੀਨੀ ਬਣਾਵੇਗੀ।

**13. ਪ੍ਰਸੂਤਾ ਛੁੱਟੀ**

ਘੱਟੋ-ਘੱਟ ਇੱਕ ਸਾਲ ਦੀ ਸੇਵਾ ਨਿਭਾ ਚੁੱਕੀਆਂ ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਪਹਿਲੇ 2 ਬੱਚਿਆਂ ਦੇ ਜਨਮ ਲਈ 6 ਮਹੀਨੇ ਦੀ ਪ੍ਰਸੂਤਾ ਛੁੱਟੀ ਦਿੱਤੀ ਜਾਵੇਗੀ। 3 ਮਹੀਨੇ ਜਾਂ ਉਸ ਤੋਂ ਘੱਟ ਉਮਰ ਦਾ ਬੱਚਾ ਗੋਦ ਲੈਣ ਦੀ ਮਿਤੀ ਤੋਂ 12 ਹਫਤੇ ਦੀ ਛੁੱਟੀ ਦਾ ਉਪਬੰਧ ਹੋਵੇਗਾ। ਗਰਭਪਾਤ ਵੇਲੇ 42 ਦਿਨਾਂ ਦੀ ਛੁੱਟੀ ਮਿਲੇਗੀ। ਪ੍ਰਸੂਤਾ ਛੁੱਟੀ ਦੇ ਸਮੇਂ ਦੌਰਾਨ ਮਾਣਭੱਤਾ ਮਿਲਣਯੋਗ ਹੋਵੇਗਾ। ਇਹ ਛੁੱਟੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਮੰਨਜ਼ੂਰ ਕੀਤੀ ਜਾਵੇਗੀ।

**14. ਛੁੱਟੀ ਉਪਰੰਤ ਜੁਆਇਨਿੰਗ**

ਅਗਰ ਕੋਈ ਆਂਗਣਵਾੜੀ ਵਰਕਰ/ਹੈਲਪਰ ਵੱਲੋਂ ਛੁੱਟੀ ਕੱਟਣ ਉਪਰੰਤ ਡਿਊਟੀ ਤੇ ਸਮੇਂ ਸਿਰ ਜੁਆਇੰਨ ਨਹੀਂ ਕੀਤਾ ਜਾਂਦਾ, ਤਾਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਉਸਦੀ ਗੈਰ ਹਾਜ਼ਰੀ ਸਬੰਧੀ ਰਿਪੋਰਟ 15 ਦਿਨ ਦੇ ਅੰਦਰ-ਅੰਦਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਭੇਜਣਾ ਯਕੀਨੀ ਬਣਾਏਗਾ।

*ਜਦੋ ਤੱਕ ਵਿਭਾਗ ਦਾ ਪੋਰਟਲ ਸ਼ੁਰੂ ਨਹੀਂ ਹੋ ਜਾਂਦਾ, ਉਦੋਂ ਤੱਕ ਹਰ ਇੱਕ ਬਲਾਕ ਅਧਿਕਾਰੀ ਵੱਲੋਂ ਆਪਣੇ ਦਫਤਰ ਵਿੱਚ ਵੱਖਰਾ ਰਜਿਸਟਰ ਮੇਨਟੇਨ ਕੀਤਾ ਜਾਵੇਗਾ, ਜਿਸ ਵਿੱਚ ਛੁੱਟੀ ਤੇ ਚੱਲ ਰਹੀਆਂ/ਗੈਰਹਾਜ਼ਰ ਚੱਲ ਰਹੀਆਂ*

*ਆਂਗਣਵਾੜੀ ਵਰਕਰਾਂ/ਹੈਲਪਰਾਂ ਸਿਵਾਏ ਅਚਨਚੇਤ ਸਾਰੀਆਂ ਛੁੱਟੀਆਂ ਦੇ ਵੇਰਵੇ ਦਰਜ ਹੋਣਗੇ। ਜਿਸ ਦਾ ਫਾਰਮੈਟ ਹੇਠ ਲਿਖੇ ਅਨੁਸਾਰ ਹੋਵੇਗਾ:*

| ਲੜੀ ਨੰ: | ਆਂਗਨਵਾੜੀ ਵਰਕਰ/ ਹੈਲਪਰ ਦਾ ਨਾਮ | ਪਿੰਡ/ ਵਾਰਡ ਦਾ ਨਾਮ | ਕਿਹੜੀ ਛੁੱਟੀ ਮਨਜ਼ੂਰ ਕਰਵਾਈ ਗਈ ਹੈ/ ਛੁੱਟੀ ਦੀ ਕਿਸਮ | ਕਿਸ ਮਿਤੀ ਤੋਂ ਛੁੱਟੀ ਮਨਜ਼ੂਰ ਕਰਵਾਈ ਗਈ ਹੈ | ਕਿਸ ਮਿਤੀ ਤੱਕ ਛੁੱਟੀ ਮੰਜ਼ੂਰ ਕਰਵਾਈ ਗਈ ਹੈ | ਕੀ ਨਿਸ਼ਚਿਤ ਮਿਤੀ ਤੇ ਛੁੱਟੀ ਤੋ ਹਾਜਰ ਹੋ ਗਈ ਹੈ | ਜੇਕਰ ਨਹੀ ਤਾਂ ਮੁੱੜ ਕਿਸ ਮਿਤੀ ਨੂੰ ਛੁੱਟੀ ਤੋ ਹਾਜਰ ਹੋਈ/ ਜੁਆਇੰਨ ਕਰਵਾਇਆ ਗਿਆ। ਮਿਤੀ ਲਿਖੀ ਜਾਵੇ | ਸਰਕਲ ਸੁਪਰਵਾਈਜ਼ਰ ਦੇ ਹਸਤਾਖਰ | ਸੀ.ਡੀ.ਪੀ.ਓ. ਦੇ ਹਸਤਾਖਰ |
|---|---|---|---|---|---|---|---|---|---|

**15. ਵਿਦਿਅਕ ਯੋਗਤਾ ਵਿੱਚ ਵਾਧਾ ਕਰਨ ਸਬੰਧੀ**

ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਆਪਣੀ ਵਿਦਿਅਕ ਯੋਗਤਾ ਵਿੱਚ ਵਾਧਾ ਕਰਨ ਸਬੰਧੀ ਫੀਸ ਜਮ੍ਹਾਂ ਕਰਵਾਉਣ/ਦਾਖਲਾ ਲੈਣ ਤੋਂ ਪਹਿਲਾਂ ਇਸ ਸਬੰਧੀ ਮੰਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ, ਜੋ ਕਿ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਦੀ ਸਿਫਾਰਸ਼ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਦਿੱਤੀ ਜਾਵੇਗੀ। ਪ੍ਰੀਖਿਆ ਦੇਣ ਸਮੇਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਦਿੱਤੀ ਗਈ ਮੰਨਜ਼ੂਰੀ ਦੇ ਆਧਾਰ ਤੇ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਬਿਨਾਂ ਤਨਖਾਹ ਛੁੱਟੀ ਮੰਨਜ਼ੂਰ ਕਰੇਗਾ। ਪ੍ਰੰਤੂ ਜੇਕਰ ਛੁੱਟੀ ਇੱਕ ਮਹੀਨੇ ਜਾਂ ਉਸ ਤੋਂ ਵੱਧ ਸਮੇਂ ਲਈ ਲੋੜੀਂਦੀ ਹੋਵੇ, ਤਾਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਮੰਨਜ਼ੂਰ ਕੀਤੀ ਜਾਵੇਗੀ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ, ਕਿ ਵਿਦਿਅਕ ਯੋਗਤਾ ਵਿੱਚ ਵਾਧਾ ਕਰਨ ਸਬੰਧੀ ਲਈ ਗਈ ਛੁੱਟੀ ਨੂੰ ਤਜਰਬੇ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

**16. ਸੌਂਪਿਆ ਗਿਆ ਕੰਮ ਵਾਪਿਸ ਲੈਣ ਦੀ ਵਿਧੀ**

i. ਕਿਸੇ ਆਂਗਣਵਾੜੀ ਵਰਕਰ/ਹੈਲਪਰ ਦੇ:

- ਬਿਨਾਂ ਛੁੱਟੀ ਪ੍ਰਵਾਨ ਕਰਵਾਇਆਂ ਲਗਾਤਾਰ ਪੰਦਰਾਂ ਦਿਨ ਜਾਂ ਉਸ ਤੋਂ ਵੱਧ ਸਮਾਂ ਗੈਰ-ਹਾਜ਼ਰ ਰਹਿਣ; ਜਾਂ
- ਲੋੜੀਂਦੇ ਰਜਿਸਟਰ/ਰਿਕਾਰਡ ਨਾ ਮੇਨਟੇਨ ਕਰਨ; ਜਾਂ
- ਆਂਗਣਵਾੜੀ ਸੈਂਟਰ ਅਤੇ ਉਸ ਵਿਚਲਾ ਸਾਜੋ-ਸਾਮਾਨ ਨਾ ਮੇਨਟੇਨ ਕਰਨ; ਜਾਂ
- ਉਸਦਾ ਕੰਮ-ਕਾਜ/ਵਿਵਹਾਰ ਤਸੱਲੀਬਖਸ਼ ਨਾ ਹੋਣ ਦੀ ਸੂਰਤ ਵਿੱਚ *(ਅਜਿਹੇ ਕੇਸਾਂ ਵਿੱਚ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਕਾਰਣ ਨੂੰ ਲਿਖਤੀ ਰੂਪ ਵਿੱਚ ਰਿਕਾਰਡ ਕਰਨਾ ਯਕੀਨੀ ਬਣਾਏਗਾ।)*

ii. ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਮੁੱਢਲੀ ਪੜਤਾਲ ਕਰਨ ਅਤੇ ਅਜਿਹੀ ਵਰਕਰ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦੇਣ ਉਪਰੰਤ ਇਹ ਤਸੱਲੀ ਹੋਣ ਤੇ ਕਿ ਉਸ ਪਾਸੋਂ ਕੰਮ ਵਾਪਸ ਲਏ ਜਾਣ ਸਬੰਧੀ ਕੋਈ ਵਾਜਿਬ ਕਾਰਣ ਮੌਜੂਦ ਹੈ, ਤਾਂ ਇਸ ਸਬੰਧੀ ਤਜਵੀਜ਼ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੂੰ ਪ੍ਰਵਾਨਗੀ ਹਿੱਤ ਪੇਸ਼ ਕਰੇਗਾ।

iii. ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਇਕ ਹਫਤੇ ਦੇ ਅੰਦਰ-ਅੰਦਰ ਸਬੰਧਤ ਵਰਕਰ ਪਾਸੋਂ ਕੰਮ ਵਾਪਸ ਲੈਣ ਦੇ ਹੁਕਮ ਜਾਰੀ ਕਰੇਗਾ।

**17. ਸੌਂਪਿਆ ਗਿਆ ਕੰਮ ਛੱਡਣ ਦੀ ਵਿਧੀ**

- ਆਂਗਣਵਾੜੀ ਵਰਕਰ ਖੁਦ ਵੀ ਇਕ ਮਹੀਨੇ ਦਾ ਨੋਟਿਸ ਦੇ ਕੇ ਕੰਮ ਤੋਂ ਅਸਤੀਫਾ ਦੇ ਸਕਦੀ ਹੈ। ਬਾਲ ਵਿਕਾਸ ਪ੍ਰੋਜੈਕਟ ਅਫਸਰ ਪ੍ਰਾਪਤ ਹੋਏ ਅਸਤੀਫੇ ਨੂੰ ਤੁਰੰਤ ਡਾਇਰੀ ਕਰਵਾਏਗਾ ਅਤੇ ਇਕ ਮਹੀਨੇ ਦੇ ਅੰਦਰ-ਅੰਦਰ ਅਸਤੀਫਾ ਪ੍ਰਵਾਨ ਕਰਨ ਦੇ ਬਕਾਇਦਾ ਹੁਕਮ ਜਾਰੀ ਕਰਨ ਲਈ ਪਾਬੰਦ ਹੋਵੇਗਾ।
- ਇੱਕ ਵਾਰ ਪ੍ਰਵਾਨ ਹੋਇਆ ਅਸਤੀਫਾ ਵਾਪਸ ਨਹੀਂ ਲਿਆ ਜਾ ਸਕੇਗਾ।

**18. ਅਪੀਲ**

ਇਸ ਨੋਟੀਫਿਕੇਸ਼ਨ ਅਨੁਸਾਰ ਕੀਤੇ ਗਏ ਫੈਸਲਿਆਂ ਵਿਰੁੱਧ ਅਪੀਲ ਐਪੀਲੇਟ ਕਮੇਟੀ ਅੱਗੇ ਕੀਤੀ ਜਾ ਸਕੇਗੀ। ਐਪੀਲੇਟ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

**19. ਸਿਲੈਕਸ਼ਨ ਕਮੇਟੀ**

ਸਿਲੈਕਸ਼ਨ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

i. ਸੰਬੰਧਤ ਉੱਪ-ਮੰਡਲ ਮੈਜਿਸਟਰੇਟ ਬਤੌਰ ਚੇਅਰਮੈਨ/ਚੇਅਰਪਰਸਨ;
ii. ਸੰਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ/ਈ.ਓ./ਮਿਊਂਸਪਲ ਕਮਿਸ਼ਨਰ ਦਾ ਨੁਮਾਇੰਦਾ ਬਤੌਰ ਮੈਂਬਰ;
iii. ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਬਤੌਰ ਮੈਂਬਰ-ਸਕੱਤਰ।

**20. ਐਪੀਲੇਟ ਕਮੇਟੀ**

ਐਪੀਲੇਟ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

i. ਸੰਬੰਧਤ ਡਿਪਟੀ ਕਮਿਸ਼ਨਰ/ ਡਿਪਟੀ ਕਮਿਸ਼ਨਰ ਵੱਲੋਂ ਨਾਮਜ਼ਦ ਵਧੀਕ ਡਿਪਟੀ ਕਮਿਸ਼ਨਰ ਬਤੌਰ ਚੇਅਰਮੈਨ/ਚੇਅਰਪਰਸਨ;
ii. ਸੰਬੰਧਤ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ;
iii. ਸੰਬੰਧਤ ਸਬੰਧਤ ਜ਼ਿਲ੍ਹਾ ਪ੍ਰੋਗਰਾਮ ਅਫਸਰ ਬਤੌਰ ਮੈਂਬਰ-ਸਕੱਤਰ।

**21. ਪਰਿਭਾਸ਼ਾ**: ਇਹਨਾਂ ਹਦਾਇਤਾਂ ਵਿੱਚ ਜਿੱਥੇ ਵੀ ਸ਼ਬਦ "ਆਂਗਨਵਾੜੀ ਵਰਕਰ" ਜਾਂ "ਆਂਗਨਵਾੜੀ ਵਰਕਰਾਂ" ਦਾ ਪ੍ਰਯੋਗ ਕੀਤਾ ਗਿਆ ਹੈ, ਉੱਥੇ ਮਿੰਨੀ ਆਂਗਨਵਾੜੀ ਵਰਕਰ/ਮਿੰਨੀ ਆਂਗਨਵਾੜੀ ਵਰਕਰਾਂ ਨੂੰ ਵੀ ਇਸ ਪਰਿਭਾਸ਼ਾ ਦਾ ਹਿੱਸਾ ਮੰਨਿਆ ਜਾਵੇਗਾ।

**22. Portal & Database Management**

ਵਿਭਾਗ ਵੱਲੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦਾ ਇੱਕ ਡਾਟਾਬੇਸ ਤਿਆਰ ਕੀਤਾ ਜਾਵੇਗਾ, ਜੋ HRMS ਦੀ ਤਰਜ ਤੇ ਉਨ੍ਹਾਂ ਦੇ ਸਰਵਿਸ ਮੈਟਰਜ (Service Matters) ਜਿਵੇਂ ਕਿ ਭਰਤੀ, ਅਡਜਸਟਮੈਂਟ, ਪ੍ਰਮੋਸ਼ਨ, ਛੁੱਟੀਆਂ ਆਦਿ ਲਈ ਸਿੰਗਲ ਪਲੇਟਫਾਰਮ ਦੇ ਤੌਰ ਤੇ ਕੰਮ ਕਰੇਗਾ। ਇਸ ਡਾਟਾਬੇਸ ਦੀ ਮੈਨੇਜਮੈਂਟ ਲਈ ਇੱਕ ਪੋਰਟਲ (Portal) ਤਿਆਰ ਕੀਤਾ ਜਾਵੇਗਾ, ਜਿਸ ਰਾਹੀਂ ਇਸ ਡਾਟਾਬੇਸ ਵਿੱਚ ਡਾਟਾ-ਐਂਟਰੀ ਅਤੇ ਅਪਡੇਸ਼ਨ

(Updation) ਕੀਤੀ ਜਾਵੇਗੀ। ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵਿਭਾਗ ਵੱਲੋਂ ਬਣਾਏ ਜਾਣ ਵਾਲੇ portal ਉੱਪਰ ਜਾਣਕਾਰੀ ਅਪਡੇਟ ਕਰਨ ਲਈ ਜਿੰਮੇਵਾਰ ਹੋਣਗੇ।

*ਜਦੋ ਤੱਕ ਵਿਭਾਗ ਦਾ ਪੋਰਟਲ ਸ਼ੁਰੂ ਨਹੀਂ ਹੋ ਜਾਂਦਾ, ਉਦੋਂ ਤੱਕ* ਭਰਤੀ ਦੀ ਪ੍ਰਕਿਰਿਆ *ਸੰਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਵੱਲੋਂ ਪਹਿਲਾਂ ਵਾਂਗ ਹੀ manually ਕੀਤੀ ਜਾਵੇਗੀ।*

**23. ਭਵਿੱਖ ਵਿੱਚ ਕੀਤੀ ਜਾਣ ਵਾਲੀ ਸੋਧ**

ਵਰਤੋਂਕਾਰਾਂ ਦੀ ਸਹੂਲਤ (Convenience) ਲਈ ਭਵਿੱਖ ਵਿੱਚ ਜਦੋਂ ਵੀ ਇਸ ਨੋਟੀਫਿਕੇਸ਼ਨ ਵਿੱਚ ਸੋਧ ਕੀਤੀ ਜਾਵੇਗੀ, ਤਾਂ ਉਸ ਸੋਧ ਸਹਿਤ ਨਵਾਂ ਖਰੜਾ ਨੋਟੀਫਾਈ ਕੀਤਾ ਜਾਵੇਗਾ। ਇਸ ਤੋਂ ਬਿਨਾਂ ਕੀਤੀ ਗਈ ਸੋਧ ਮੰਨਣਯੋਗ ਨਹੀਂ ਹੋਵੇਗੀ।

**24. Prospective Effect**

ਇਹ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਭਾਵੀ ਪ੍ਰਭਾਵ (Prospective Effect) ਨਾਲ ਲਾਗੂ ਹੋਵੇਗਾ।

**25. ਹਦਾਇਤਾਂ ਵਿੱਚ ਛੋਟ/ਰਿਆਇਤ ਦੇਣ ਦੇ ਅਧਿਕਾਰ**

ਜੇਕਰ ਸਰਕਾਰ ਦੀ ਰਾਇ ਹੈ ਕਿ ਕਿਸੇ ਕਾਰਣ ਕਰਕੇ, ਜਿਸਨੂੰ ਲਿਖਤੀ ਰੂਪ ਵਿੱਚ ਰਿਕਾਰਡ ਕੀਤਾ ਜਾਵੇਗਾ, ਕਿਸੇ ਸ਼੍ਰੇਣੀ ਜਾਂ ਕਿਸੇ ਵਰਗ ਨੂੰ ਇਹਨਾਂ ਹਦਾਇਤਾਂ ਦੇ ਕਿਸੇ ਨੁਕਤੇ ਵਿੱਚ ਛੋਟ/ਰਿਆਇਤ ਦੇਣਾ ਲਾਜ਼ਮੀ ਹੈ ਜਾਂ ਉਚਿਤ ਹੈ, ਤਾਂ ਉਹ ਅਜਿਹਾ ਕਰਨ ਦੇ ਹੁਕਮ ਕਰ ਸਕਦੀ ਹੈ।

-----------------------------

# ਆਂਗਣਵਾੜੀ ਵਰਕਰ ਦੀ ਸਿੱਧੀ ਭਰਤੀ ਲਈ ਪ੍ਰੋਫਾਰਮਾ

| Name of the Candidate | Father’ s/ Husband’ s Name | DOB (DD.MM.YYYY) | Is the Candidate, a Widow? (If Yes: Write 3/ If no Write 0) | Category (General/SC/BC) | Preferential Category Applicable (1/2) | Punjabi Passed at Matric or Higher Level (Y/N) | Graduation Degree passed (Name of the Degree) | Graduation Percentage [22 (>60)/ 19 (45-60)/ 16 (<45)] | Did you study any one of the following subjects for Graduation: Child Development, Human development, Psychology, Nutrition, Economics, Sociology, Home Science, Social work (If N write 0/ If Y write 3) | Data/Documents Verified and Found Correct (Y/N) | Total Qualification marks( 4+9+10) | Interview Marks Out of 5 | Total Marks Obtained (12+13) |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| To be filled by the Candidate | | | | | | | | | | For Office Use only | | | |
| | | | | | | | | | | | | | |

**Marks Awarded: [TOTAL WEIGHTAGE: 33 MARKS]**

- For Graduation:
  - >60% : 22
  - 45-60%: 19
  - <45% : 16
- Additional Marks, if Graduation included one of the listed subjects: 3
- Additional Marks to Widow applicants: 3
- Interview: 5

# ਆਂਗਣਵਾੜੀ ਹੈਲਪਰ ਦੀ ਭਰਤੀ ਲਈ ਪ੍ਰੋਫਾਰਮਾ

| Name of the Candidate | Father' s/ Husband' s Name | DOB (DD.MM.YYYY) | Is the Candidate, a Widow? (If Yes: Write 3/ If no Write 0) | Category (General/SC/BC) | Preferential Category Applicable (Y/N) | Punjabi Passed at Matric or Higher Level (Y/N) | 10th passed (Y/N) | 10th Percentage [25 (>60)/ 22 (45-60)/ 19 (<45)] | Data/Documents Verified and Found Correct (Y/N) | Total Qualification marks (4+9) | Interview Marks Out of 5 | Total Marks Obtained (11+12) |
|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 |
| To be filled by the Candidate | | | | | | | | | For Office Use only | | | |
| | | | | | | | | | | | | |

**Marks Awarded: [TOTAL WEIGHTAGE: 33 MARKS]**

- For 10th:
  - >60% : 25
  - 45-60%: 22
  - <45% : 19
- Additional Marks to Widow applicants: 3
- For Interview: 5

# ਆਂਗਣਵਾੜੀ ਵਰਕਰ ਦੀ ਸਿੱਧੀ ਭਰਤੀ ਲਈ ਫਾਰਮ

ਫੋਟੋ ਲਗਾਓ

1. ਉਮੀਦਵਾਰ ਦੀ ਸੂਚਨਾ

ਨਾਮ________________________________________

ਪਿਤਾ/ਪਤੀ ਦਾ ਨਾਮ: ________________________________

ਪੱਕਾ ਪਤਾ ________________________________________

________________________________________________

ਜਨਮ ਮਿਤੀ (DD:MM:YYYY):________________________________

ਟੈਲੀਫੋਨ ਨੰ: ________________________________________

ਆਧਾਰ ਨੰਬਰ________________________________________

2. ਕੀ ਉਮੀਦਵਾਰ ਦਿਵਿਆਂਗ ਹੈ ? (ਹਾਂ/ਨਾ) : ______________ ਜੇਕਰ ਹਾਂ ਤਾਂ ਦਿਵਿਆਂਗਤਾ ਦੀ ਪ੍ਰਤੀਸ਼ਤਤਾ______________

3. ਜੇਕਰ ਉਮੀਦਵਾਰ ਵਿਧਵਾ ਹੈ ? (ਹਾਂ/ਨਾ) :________________________________

4. ਕੀ ਉਮੀਦਵਾਰ ਉਮਰ ਵਿੱਚ ਛੋਟ ਚਾਹੁੰਦਾ ਹੈ (ਹਾਂ/ਨਾਂ):________________________________

5. ਸ਼੍ਰੇਣੀ (ਜਨਰਲ/ਐਸ.ਸੀ./ਬੀ.ਸੀ.)________________________________

6. ਪ੍ਰਥਾਮਿਕਤਾ ਦੀ ਸੂਰਤ ਵਿੱਚ, ਲਾਗੂ ਤਰਜੀਹੀ ਸ਼੍ਰੈਣੀ(1 ਜਾਂ 2)________________________________

7. ਵਿੱਦਿਅਕ ਯੋਗਤਾ:

| ਯੋਗਤਾ | ਕਾਲਜ/ਯੂਨੀਵਰਸਿਟੀ | ਪੜ੍ਹੇ ਹੋਏ ਵਿਸ਼ੇ | ਪ੍ਰਾਪਤ ਅੰਕ/ਕੁੱਲ ਅੰਕ | ਪ੍ਰਤੀਸ਼ਤ |
|---|---|---|---|---|
| ਗ੍ਰੈਜੂਏਸ਼ਨ | | | | |
| ਪੋਸਟ-ਗ੍ਰੈਜੂਏਸ਼ਨ | | | | |
| ਕੋਈ ਹੋਰ | | | | |

8. ਮੈਟ੍ਰਿਕ ਜਾਂ ਉੱਚ ਪੱਧਰ ਤੇ ਪੰਜਾਬੀ ਪਾਸ (ਹਾਂ/ਨਾ) :________________________________

9. ਕੀ ਤੁਸੀ ਗ੍ਰੈਜੂਏਸ਼ਨ ਵਿੱਚ ਹੇਠਾਂ ਦਿੱਤੇ ਕਿਸੇ ਇੱਕ ਵਿਸ਼ੇ ਨੂੰ ਪੜ੍ਹਿਆ ਹੈ(ਦਾ ਨਾਮ):________________________________

(ਬਾਲ ਵਿਕਾਸ, ਮਨੁੱਖੀ ਵਿਕਾਸ, ਮਨੋਵਿਗਿਆਨ, ਨਿਊਟ੍ਰੀਸ਼ਨ, ਅਰਥ ਸ਼ਾਸਤਰ, ਸਮਾਜਿਕ ਸਾਸ਼ਤਰ, ਹੋਮ ਸਾਇੰਸ, ਸਮਾਜਿਕ ਕੰਮ)

10. ਸਵੈ-ਘੋਸ਼ਣਾ

ਮੈਂ ਇਥੇ ਇਹ ਘੋਸ਼ਣਾ ਕਰਦੀ ਹਾਂ ਕਿ ਇਸ ਅਰਜ਼ੀ ਵਿਚ ਦਿੱਤੇ ਸਾਰੇ ਬਿਆਨ ਸਹੀ, ਸੰਪੂਰਨ, ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ । ਮੈਂ ਸਮਝਦੀ ਹਾਂ ਕਿ ਕਿਸੇ ਵੀ ਅਵਸਥਾ ਵਿਚ ਜੇਕਰ ਕਿਸੇ ਵੀ ਜਾਣਕਾਰੀ ਨੂੰ ਗਲਤ ਪਾਇਆ ਜਾਂਦਾ ਹੈ ਜਾਂ ਮੈਂ ਨਿਰਧਾਰਤ ਯੋਗਤਾ ਦੇ ਕਿਸੇ ਵੀ ਮਾਪਦੰਡ ਨੂੰ ਸੰਤੁਸ਼ਟ ਨਹੀਂ ਕਰ ਰਹੀ ਅਤੇ ਭਰਤੀ ਸੰਬੰਧੀ ਪ੍ਰਭਾਵ / ਅਣਉਚਿਤ ਦਬਾਅ ਬਣਾਉਣ ਦੀ ਕੋਸ਼ਿਸ਼ ਕਰਦੀ ਹਾਂ ਤਾ ਇਸ ਮਾਮਲੇ ਵਿੱਚ ਮੇਰੀ ਬਿਨੈਕਾਰੀ ਰੱਦ ਕਰਨ ਦੇ ਯੋਗ ਹੋਵੇਗੀ ।

ਮਿਤੀ:__________

ਸਥਾਨ:__________ ਹਸਤਾਖਰ:__________

ਨੋਟ:- ਪੁਆਇੰਟ ਨੰ:11 ਵਿਚ ਦਰਜ ਦਸਤਾਵੇਜ਼ ਬਿਨੈਕਾਰ ਵੱਲੋ ਅਰਜੀ ਫਾਰਮ ਦੇ ਨਾਲ ਨੱਥੀ ਕੀਤੇ ਜਾਣ।

***

**(11- 13 ਕੇਵਲ ਦਫਤਰੀ ਵਰਤੋਂ ਲਈ)**

11. ਯੋਗ ਦਸਤਾਵੇਜ ਦੀ ਸੂਚੀ : ਨੱਥੀ ਕੀਤੇ ਦਸਤਾਵੇਜਾਂ ਨੂੰ ਟਿੱਕ ਕੀਤਾ ਜਾਵੇ। ਸਿਰਫ ਸੈਲਫ ਅਟੈਸਟਡ ਕਾਪੀਆਂ ਨੂੰ ਹੀ ਵਿਚਾਰਿਆ ਜਾਵੇਗਾ। ਇੰਟਰਵਿਊ ਦੇ ਸਮੇਂ ਉਮੀਦਵਾਰ ਕੋਲ ਅਸਲ ਦਸਤਾਵੇਜ਼ ਹੋਣੇ ਚਾਹੀਦੇ ਸਨ।

| | |
|---|---|
| ਉਮਰ ਦਾ ਸਬੂਤ | ਜਨਮ ਸਰਟੀਫਿਕੇਟ/10ਵੀਂ ਸਰਟੀਫਿਕੇਟ/ਪੈਨ ਕਾਰਡ |
| ਪਤੇ ਦਾ ਸਬੂਤ | ਸਿਰਫ ਵੋਟਰ ਕਾਰਡ |
| ਸ਼੍ਰੇਣੀ ਦਾ ਸਬੂਤ | ਐਸ.ਸੀ./ਬੀ.ਸੀ. ਸਰਟੀਫਿਕੇਟ |
| ਦਿਵਿਆਂਗ ਉਮੀਦਵਾਰਾਂ ਲਈ | ਯੂ.ਡੀ.ਆਈ.ਡੀ. ਕਾਰਡ ਸਮੇਤ ਦਿਵਿਆਂਗ ਪ੍ਰਤੀਸ਼ਤ 40-50 %, ਸੀਨੀਅਰ ਮੈਡੀਕਲ ਅਫਸਰ ਵੱਲੋਂ ਜਾਰੀ ਜੋਬ ਫਿੱਟਨੈਸ ਸਰਟੀਫਿਕੇਟ |
| ਵਿੱਦਿਅਕ ਯੋਗਤਾ ਸਰਟੀਫਿਕੇਟ | ਡੀ.ਐਮ.ਸੀ. (ਦੱਸਵੀਂ) ਆਂਗਣਵਾੜੀ ਹੈਲਪਰ ਲਈ, ਗ੍ਰੈਜੂਏਸ਼ਨ ਡਿਗਰੀ ਸਮੇਤ ਡੀ.ਐਮ.ਸੀ., ਆਂਗਣਵਾੜੀ ਵਰਕਰ ਲਈ। |
| ਵਿਧਵਾ ਬਿਨੈਕਾਰ ਲਈ | ਪਤੀ ਦੀ ਮੌਤ ਦਾ ਸਰਟੀਫਿਕੇਟ |
| ਤਰਜੀਹੀ ਸ਼੍ਰੇਣੀ | ਵਿਆਹ ਦਾ ਸਰਟੀਫਿਕੇਟ, ਤਜ਼ਰਬਾ ਸਰਟੀਫਿਕੇਟ, ਨਿਯੁਕਤੀ ਪੱਤਰ। |

ਸੂਚਨਾ/ਦਸਤਾਵੇਜ ਤਸਦੀਕ ਅਤੇ ਸਹੀ ਪਾਏ ਗਏ (ਹਾਂ/ਨਾ) ______________________________

12. ਕੁੱਲ ਬਣਦੇ ਨੰਬਰ (ਇੰਟਰਵਿਊ ਤੋਂ ਪਹਿਲਾਂ) (ਲੜੀ ਨੰ. 3 + 7 +9 ): ______________________________

ਤਸਦੀਕ ਕਰਤਾ (ਕਲਰਕ/ਸਹਾਇਕ)____________________

ਤਸਦੀਕ ਕਰਤਾ ਦੇ ਹਸਤਾਖਰ________________________ ਹਸਤਾਖਰ _______________

ਬਾਲ ਵਿਕਾਸ ਪ੍ਰੋਜੈਕਟ ਅਫਸਰ

13. ਸਲੈਕਸ਼ਨ ਕਮੇਟੀ ਦੁਆਰਾ ਇੰਟਰਵਿਊ (5 ਅੰਕ):

a. ਕੁੱਲ ਅੰਕ ਇੰਟਰਵਿਊ ਤੋਂ ਪਹਿਲਾਂ: ____________________

b. ਇੰਟਰਵਿਊ ਵਿੱਚ ਪ੍ਰਾਪਤ ਅੰਕ : ___________________

ਉਮੀਦਵਾਰ ਦੇ ਕੁੱਲ ਅੰਕ (a+b): _____________________

ਹਸਤਾਖਰ ਬੀ.ਡੀ.ਪੀ.ਓ/ਈ.ਓ./ ਮਿਊਂਸੀਪਲ ਕਾਰਪੋਰਸ਼ਨ (ਮੈਂਬਰ) ____________________

ਹਸਤਾਖਰ ਸੀ ਡੀ ਪੀ ਓ (ਮੈਂਬਰ ਸਕੱਤਰ) ____________________

ਹਸਤਾਖਰ ਉੱਪ ਮੰਡਲ ਮੈਜਿਸਟ੍ਰੇਟ (ਬਤੌਰ ਸਲੈਕਸ਼ਨ ਕਮੇਟੀ ਚੇਅਰਪਰਸਨ) ____________________

ਨੋਟ: **ਸਿਰਫ ਅਰਜੀ ਦੇਣ ਨਾਲ ਉਮੀਦਵਾਰ ਚੋਣ ਅਸਾਮੀ ਲਈ ਹੱਕਦਾਰ ਨਹੀਂ ਹੋ ਜਾਵੇਗਾ।**

# ਆਂਗਣਵਾੜੀ ਹੈਲਪਰ ਦੀ ਸਿੱਧੀ ਭਰਤੀ ਲਈ ਫਾਰਮ

ਫੋਟੋ ਲਗਾਓ

1. ਉਮੀਦਵਾਰ ਦੀ ਸੂਚਨਾ

ਨਾਮ:________________________________________

ਪਿਤਾ/ਪਤੀ ਦਾ ਨਾਮ________________________________________

ਪੱਕਾ ਪਤਾ________________________________________

________________________________________

ਜਨਮ ਮਿਤੀ (DD:MM:YYYY):________________________________________

ਟੈਲੀਫੋਨ ਨੰ: ________________________________________

ਆਧਾਰ ਨੰਬਰ________________________________________

2. ਕੀ ਉਮੀਦਵਾਰ ਦਿਵਿਆਂਗ ਹੈ ? (ਹਾਂ/ਨਾ) : ________________ ਜੇਕਰ ਹਾਂ ਤਾਂ ਦਿਵਿਆਂਗਤਾ ਦੀ ਪ੍ਰਤੀਸ਼ਤਤਾ____________________
3. ਜੇਕਰ ਉਮੀਦਵਾਰ ਵਿਧਵਾ ਹੈ (ਹਾਂ/ਨਾ):________________________________________
4. ਕੀ ਉਮੀਦਵਾਰ ਉਮਰ ਵਿੱਚ ਛੋਟ ਚਾਹੁੰਦਾ ਹੈ (ਹਾਂ/ਨਾਂ):________________________________________
5. ਸ੍ਰੇਣੀ (ਜਨਰਲ/ਐਸ.ਸੀ./ਬੀ.ਸੀ.)________________________________________
6. ਕੀ ਤਰਜੀਹੀ ਸ੍ਰੈਣੀ ਲਾਗੂ ਹੁੰਦੀ ਹੈ (ਹਾਂ/ਨਾ):________________________________________
7. ਵਿੱਦਿਅਕ ਯੋਗਤਾ

| ਯੋਗਤਾ | ਕਾਲਜ/ਯੂਨੀਵਰਸਿਟੀ | ਪੜ੍ਹੇ ਹੋਏ ਵਿਸ਼ੇ | ਪ੍ਰਾਪਤ ਅੰਕ/ਕੁੱਲ ਅੰਕ | ਪ੍ਰਤੀਸ਼ਤ |
|---|---|---|---|---|
| ਦੱਸਵੀਂ | | | | |
| ਬਾਰਵੀਂ | | | | |
| ਗ੍ਰੈਜੂਏਸ਼ਨ | | | | |

8. ਮੈਟ੍ਰਿਕ/10ਵੀਂ ਪਾਸ (ਹਾਂ/ਨਾ) ________________________________________
9. ਸਵੈ-ਘੋਸ਼ਣਾ

ਮੈਂ ਇਥੇ ਇਹ ਘੋਸ਼ਣਾ ਕਰਦੀ ਹਾਂ ਕਿ ਇਸ ਅਰਜ਼ੀ ਵਿਚ ਦਿੱਤੇ ਸਾਰੇ ਬਿਆਨ ਸਹੀ, ਸੰਪੂਰਨ, ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ। ਮੈਂ ਸਮਝਦੀ ਹਾਂ ਕਿ ਕਿਸੇ ਵੀ ਅਵਸਥਾ ਵਿਚ ਜੇਕਰ ਕਿਸੇ ਵੀ ਜਾਣਕਾਰੀ ਨੂੰ ਗਲਤ ਪਾਇਆ ਜਾਂਦਾ ਹੈ ਜਾਂ ਮੈਂ ਨਿਰਧਾਰਤ ਯੋਗਤਾ ਦੇ ਕਿਸੇ ਵੀ ਮਾਪਦੰਡ ਨੂੰ ਸੰਤੁਸ਼ਟ ਨਹੀਂ ਕਰ ਰਹੀ ਅਤੇ ਭਰਤੀ ਸੰਬੰਧੀ ਪ੍ਰਭਾਵ / ਅਣਉਚਿਤ ਦਬਾਅ ਬਣਾਉਣ ਦੀ ਕੋਸ਼ਿਸ਼ ਕਰਦੀ ਹਾਂ ਤਾ ਇਸ ਮਾਮਲੇ ਵਿੱਚ ਮੇਰੀ ਬਿਨੈਕਾਰੀ ਰੱਦ ਕਰਨ ਦੇ ਯੋਗ ਹੋਵੇਗੀ।

ਮਿਤੀ:___________

ਸਥਾਨ:___________ ਹਸਤਾਖਰ:___________

ਨੋਟ:- ਪੁਆਇੰਟ ਨੰ:10 ਵਿਚ ਦਰਜ ਦਸਤਾਵੇਜ਼ ਬਿਨੈਕਾਰ ਵੱਲੋ ਅਰਜੀ ਫਾਰਮ ਦੇ ਨਾਲ ਨੱਥੀ ਕੀਤੇ ਜਾਣ।

***

**(10- 12 ਕੇਵਲ ਦਫਤਰੀ ਵਰਤੋਂ ਲਈ)**

10. ਯੋਗ ਦਸਤਾਵੇਜ ਦੀ ਸੂਚੀ : ਨੱਥੀ ਕੀਤੇ ਦਸਤਾਵੇਜਾਂ ਨੂੰ ਟਿੱਕ ਕੀਤਾ ਜਾਵੇ। ਸਿਰਫ ਸੈਲਫ ਅਟੈਸਟਡ ਕਾਪੀਆਂ ਨੂੰ ਹੀ ਵਿਚਾਰਿਆ ਜਾਵੇਗਾ। ਇੰਟਰਵਿਯੂ ਦੇ ਸਮੇਂ ਉਮੀਦਵਾਰ ਕੋਲ ਅਸਲ ਦਸਤਾਵੇਜ਼ ਹੋਣੇ ਚਾਹੀਦੇ ਸਨ।

| | |
|---|---|
| ਉਮਰ ਦਾ ਸਬੂਤ | ਜਨਮ ਸਰਟੀਫਿਕੇਟ/10ਵੀਂ ਸਰਟੀਫਿਕੇਟ/ਪੈਨ ਕਾਰਡ |
| ਪਤੇ ਦਾ ਸਬੂਤ | ਸਿਰਫ ਵੋਟਰ ਕਾਰਡ |
| ਸ਼੍ਰੇਣੀ ਦਾ ਸਬੂਤ | ਐਸ.ਸੀ./ਬੀ.ਸੀ. ਸਰਟੀਫਿਕੇਟ |
| ਦਿਵਿਆਂਗ ਉਮੀਦਵਾਰਾਂ ਲਈ | ਯੂ.ਡੀ.ਆਈ.ਡੀ. ਕਾਰਡ ਸਮੇਤ ਦਿਵਿਆਂਗ ਪ੍ਰਤੀਸ਼ਤ 40-50 %, ਸੀਨੀਅਰ ਮੈਡੀਕਲ ਅਫਸਰ ਵੱਲੋਂ ਜਾਰੀ ਜੋਬ ਫਿੱਟਨੈਸ ਸਰਟੀਫਿਕੇਟ |
| ਵਿੱਦਿਅਕ ਯੋਗਤਾ ਸਰਟੀਫਿਕੇਟ | ਡੀ.ਐਮ.ਸੀ. (ਦੱਸਵੀਂ) ਆਂਗਣਵਾੜੀ ਹੈਲਪਰ ਲਈ, ਗ੍ਰੈਜੂਏਸ਼ਨ ਡਿਗਰੀ ਸਮੇਤ ਡੀ.ਐਮ.ਸੀ., ਆਂਗਣਵਾੜੀ ਵਰਕਰ ਲਈ। |
| ਵਿਧਵਾ ਬਿਨੈਕਾਰ ਲਈ | ਪਤੀ ਦੀ ਮੌਤ ਦਾ ਸਰਟੀਫਿਕੇਟ |
| ਤਰਜੀਹੀ ਸ਼੍ਰੇਣੀ | ਹੈਲਪਰ ਦੀ ਬਦਲੀ ( ਹਾਂ/ਨਾਂ) ਜੇ ਹਾਂ ਤਾਂ, ਵਿਆਹ ਦਾ ਸਰਟੀਫਿਕੇਟ, ਤਜ਼ਰਬਾ ਸਰਟੀਫਿਕੇਟ, ਨਿਯੁਕਤੀ ਪੱਤਰ। |

ਸੂਚਨਾ/ਦਸਤਾਵੇਜ ਤਸਦੀਕ ਅਤੇ ਸਹੀ ਪਾਏ ਗਏ (ਹਾਂ/ਨਾ) ______________________________________________

11. ਕੁੱਲ ਬਣਦੇ ਨੰਬਰ (ਇੰਟਰਵਿਯੂ ਤੋਂ ਪਹਿਲਾਂ) (ਲੜੀ ਨੰ. 3 + 7 ): ______________________________________________

ਤਸਦੀਕ ਕਰਤਾ (ਕਲਰਕ/ਸਹਾਇਕ): ____________________

ਤਸਦੀਕ ਕਰਤਾ ਦੇ ਹਸਤਾਖਰ: _________________________ ਹਸਤਾਖਰ ___________________________

ਬਾਲ ਵਿਕਾਸ ਪ੍ਰੋਜੈਕਟ ਅਫਸਰ

12. ਸਲੈਕਸ਼ਨ ਕਮੇਟੀ ਦੁਆਰਾ ਇੰਟਰਵਿਯੂ (5 ਅੰਕ):

a. ਕੁੱਲ ਅੰਕ ਇੰਟਰਵਿਯੂ ਤੋਂ ਪਹਿਲਾਂ __________________________

b. ਇੰਟਰਵਿਯੂ ਵਿੱਚ ਪ੍ਰਾਪਤ ਅੰਕ __________________________

ਉਮੀਦਵਾਰ ਦੇ ਕੁੱਲ ਅੰਕ (a+b) __________________________

ਹਸਤਾਖਰ ਬੀ.ਡੀ.ਪੀ.ਓ/ਈ.ਓ./ ਮਿਊਂਸੀਪਲ ਕਾਰਪੋਰਸ਼ਨ (ਮੈਂਬਰ) __________________________

ਹਸਤਾਖਰ ਸੀ ਡੀ ਪੀ ਓ. (ਮੈਂਬਰ ਸਕੱਤਰ) __________________________

ਹਸਤਾਖਰ ਉੱਪ ਮੰਡਲ ਮੈਜਿਸਟ੍ਰੇਟ (ਬਤੌਰ ਸਲੈਕਸ਼ਨ ਕਮੇਟੀ ਚੇਅਰਪਰਸਨ) __________________________

**ਨੋਟ:** **ਸਿਰਫ ਅਰਜੀ ਦੇਣ ਨਾਲ ਉਮੀਦਵਾਰ ਚੋਣ ਅਸਾਮੀ ਲਈ ਹੱਕਦਾਰ ਨਹੀਂ ਹੋ ਜਾਵੇਗਾ।**